# ਡਾਇਰੈਕਟ ਸਿੱਖਿਆ ਵਿਭਾਗ (ਐ.ਸਿ), ਪੰਜਾਬ

**ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜ਼ਿਲ,**

**ਅਜੀਤਗੜ੍ਹ (ਮੋਹਾਲੀ) ਪੰਜਾਬ E-mail id: mdmpunjab@punjabeducation.gov.in**

**ਫੋਨ ਨੰ. 0172-2210019**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)
ਸਮੂਹ ਸਕੂਲ ਮੁੱਖੀ (ਵੈਬ-ਸਾਈਟ ਰਾਹੀਂ)
ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ./02/**E-317215**/ਜੀ.ਐਮ./2022/96763
ਮਿਤੀ:- 22/04/2022

**ਵਿਸ਼ਾ-:** **ਰਾਜ ਦੇ ਸਮੂਹ ਸਕੂਲਾਂ ਮਿਡ ਡੇ ਮੀਲ ਦਾ ਚਾਰਜ ਦੇਣ ਸਬੰਧੀ।**

1.0 **ਇਸ ਦਫਤਰ ਦੇ ਪੱਤਰ ਮਿਤੀ** 05/11/2008 ਅਤੇ 18/12/2009 ਦੀ ਲਗਾਤਾਰਤਾ ਵਿੱਚ (ਕਾਪੀ ਨੱਥੀ)।

2.0 ਇਥੇ ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਕੁਝ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਵੱਲੋਂ ਬਾਰ-ਬਾਰ ਪੁੱਛਿਆ ਜਾ ਰਿਹਾ ਹੈ ਕਿ ਸਕੂਲਾਂ ਵਿੱਚ ਮਿਡ ਡੇ ਮੀਲ ਦੇ ਕੰਮ ਨੂੰ ਵੇਖਣ ਲਈ ਕਿਸ ਅਧਿਆਪਕ ਦੀ ਡਿਊਟੀ ਲਗਾਈ ਜਾਵੇ।

3.0 ਇਸ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕੂਲ ਵਿੱਚ ਮਿਡ ਡੇ ਮੀਲ ਦਾ ਚਾਰਜ ਸਕੂਲ ਮੁੱਖੀ ਵੱਲੋਂ ਹੀ ਸਕੂਲ ਦੇ ਕਿਸੇ ਵੀ ਅਧਿਆਪਕ ਨੂੰ ਦਿੱਤਾ ਜਾ ਸਕਦਾ ਹੈ।

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.)**

3814
10/11/08

ਮਿਡ-ਡੇ-ਮੀਲ

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ, ਐਸ
ਸੀ ਓ ਨੰ. 104-106, ਸੈਕਟਰ 34-ਏ, ਚੰਡੀਗੜ੍ਹ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621106 | 2624687 | ssa.punjab@yahoo.co.in |
| 2623207 | 2623206 | |
| 2663104 | | |
| 2624673 | | |

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ (ਸੈ ਸਿ)

ਮੀਮੋ ਨੰ ਐਸ ਡੀ ਐਸ ਸੀ/2008/
ਮਿਤੀ ਚੰਡੀਗੜ੍ਹ 5 ਨਵੰਬਰ, 2008

ਵਿਸ਼ਾ ਮਿਡ ਡੇ ਮੀਲ ਸਕੀਮ ਨੂੰ ਲਾਗੂ ਕਰਨ ਬਾਰੇ ।

1.0 ਉਪਰੋਕਤ ਵਿਸ਼ੇ ਤੇ ਆਪ ਜੀ ਨਾਲ ਸਮੇ ਸਮੇ ਸਿਰ ਹੋਈ ਗੱਲ ਬਾਤ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਸਮੇ ਸਮੇ ਸਿਰ ਕੀਤੀਆਂ ਗਈਆਂ ਮੀਟਿੰਗਾਂ ਰਾਹੀ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪਿਛਲੇ ਦਿਨੀ ਸਰਕਾਰ ਵਲੋਂ ਮਿਡ ਡੇ ਮੀਲ ਸਕੀਮ ਅਪਰ ਪ੍ਰਾਇਮਰੀ ਸਕੂਲਾਂ ਵਿੱਚ ਵੀ ਲਾਗੂ ਕੀਤੀ ਜਾ ਚੁੱਕੀ ਹੈ । ਅਪਰ ਪ੍ਰਾਇਮਰੀ ਸਕੂਲਾਂ ਦੇ ਵਿੱਚ ਆਮ ਤੌਰ ਤੇ ਸਾਇੰਸ ਅਤੇ ਮੈਥ ਅਧਿਆਪਕਾਂ ਦੀ ਡਿਊਟੀ ਵਿਦਿਆਰਥੀਆਂ ਨੂੰ ਮਿਡ ਡੇ ਮੀਲ ਦੇਣ ਲਈ ਸਕੂਲ ਇੰਨਚਾਰਜਾਂ ਵਲੋਂ ਲਗਾਈ ਗਈ ਹੈ ਜਿਸ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਜਿਆਦਾ ਨੁਕਸਾਨ ਹੋ ਰਿਹਾ ਹੈ । ਇਸ ਦੇ ਨਾਲ ਹੀ ਇਹਨਾਂ ਸਕੂਲਾਂ ਵਿੱਚ ਆਮ ਤੌਰ ਤੇ ਪੀ ਟੀ ਆਈ, ਡੀ ਪੀ ਈ, ਡਰਾਇੰਗ ਟੀਚਰ, ਸਿਲਾਈ ਟੀਚਰ, ਐਸ ਐਲ ਏ ਆਦਿ ਮੌਜੂਦ ਹਨ ਜਿਹਨਾਂ ਦੇ ਕੋਲ ਸ਼ਾਇਦ ਨਿਯਮਾਂ ਮੁਤਾਬਕ ਪੂਰਾ ਵਰਕ ਲੋਡ ਵੀ ਨਹੀਂ ਹੈ ।

3.0 ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਇਆ ਅਤੇ ਚੰਗੀ ਤਰ੍ਹਾਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਜਿੱਥੇ ਤੀਕ ਸੰਭਵ ਹੋਵੇ ਸਾਰੇ ਅਪਰ ਪ੍ਰਾਇਮਰੀ ਸਕੂਲਾਂ / ਹਾਈ ਸਕੂਲਾਂ / ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 6 ਵੀ ਤੋ 8ਵੀ ਕਲਾਸ ਦੇ ਵਿਦਿਆਰਥੀਆਂ ਨੂੰ ਮਿਡ ਡੇ ਮੀਲ ਦੇਣ ਦੀ ਜਿੰਮੇਵਾਰੀ ਪੀ ਟੀ ਆਈ, ਡੀ ਪੀ ਈ, ਡਰਾਇੰਗ ਟੀਚਰ, ਸਿਲਾਈ ਟੀਚਰ, ਐਸ ਐਲ ਏ ਆਦਿ ਨੂੰ ਦੇ ਦਿੱਤੀ ਜਾਵੇ ਅਤੇ ਮੈਥ ਅਤੇ ਇੰਗਲਿਸ਼ ਦੇ ਅਧਿਆਪਕਾਂ ਨੂੰ ਮਿਡ ਡੇ ਮੀਲ ਦੀ ਜਿੰਮੇਵਾਰੀ, ਜਿੱਥੇ ਤੀਕ ਸੰਭਵ ਹੋਵੇ, ਨਾ ਦਿੱਤੀ ਜਾਵੇ ।

: ਸਹੀ —

ਡਾਇਰੈਕਟਰ ਜਨਰਲ ਸਕੂਲ ਸਿੱਖਿਆ

P.01
P.02

10-DEC-2009 14:25

0172 - 2624687

ਪਿਠ ਅੰਕਣ ਨੰ ਐਸ ਡੀ ਐਸ ਸੀ/1668/6528-6600 ਮਿਤੀ : 5.11.2008

ਇਸ ਦਾ ਇੱਕ ਉਤਾਰਾ ਹੇਠਾਂ ਲਿਖਿਆਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਡੀ ਪੀ ਆਈ (ਸੈ ਸਿ) ਪੰਜਾਬ ਚੰਡੀਗੜ੍ਹ

2 ~~ਡੀ ਪੀ ਆਈ (ਐ ਸਿ) ਪੰਜਾਬ ਚੰਡੀਗੜ੍ਹ~~

3 ਮੰਡਲ ਸਿੱਖਿਆ ਅਫਸਰ, ਜਲੰਧਰ, ਨਾਭਾ ਅਤੇ ਫਰੀਦਕੋਟ

4 ✓ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,
ਐਸ. ਸੀ. ਓ. ਨੰ. 104-106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਪੰਜਾਬ ਰਾਜ ਦੇ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਐਮਡੀਐਮਸੀ/09/9246
ਮਿਤੀ ਚੰਡੀਗੜ੍ਹ 18 ਦਸੰਬਰ, 2009

ਵਿਸ਼ਾ ਪੰਜਾਬ ਰਾਜ ਦੇ ਮਿਡਲ ਸਕੂਲ, ਹਾਈ ਸਕੂਲ ਅੰਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿੱਚ ਮਿਡ ਡੇ ਮੀਲ ਦੇ ਕੰਮ ਨੂੰ ਵੇਖਣ ਬਾਰੇ ।

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ ਐਮਡੀਐਮਸੀ/20088 ਮਿਤੀ 5.11.2008 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਦੇ ਨਾਲ ਐਜੂਸੈੱਟ ਰਾਹੀਂ 27.11.2009 ਨੂੰ ਹੋਈ ਮੀਟਿੰਗ ਵਿੱਚ ਇਹ ਗੱਲ ਕਾਫੀ ਵਿਸਥਾਰਪੂਰਵਕ ਵਿਚਾਰੀ ਗਈ ਸੀ ਕਿ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮਿਡ ਡੇ ਮੀਲ ਦੇ ਕੰਮ ਨੂੰ ਵੇਖਣ ਲਈ ਕਿਸ ਅਧਿਆਪਕ ਦੀ ਡਿਊਟੀ ਲਗਾਈ ਜਾਵੇ। ਇਸ ਮੁੱਦੇ ਤੇ ਸਮੇਂ ਸਮੇਂ ਸਿਰ ਪ੍ਰਤਿਬੇਨਤੀਆਂ ਵੀ ਆਉਂਦੀਆਂ ਰਹੀਆ ਹਨ ਅਤੇ ਪੰਜਾਬ ਰਾਜ ਦੇ ਸਕੂਲਾ ਵਿਚ ਵਿਸ਼ੇਸ਼ ਕਰਕੇ ਮੇਥ ਅਤੇ ਸਾਇੰਸ ਦੀ ਮਹੱਤਤਾ ਨੂੰ ਵੇਖਦੇ ਹੋਇਆ ਅਤੇ ਇਨ੍ਹਾ ਵਿਸ਼ਿਆਂ ਦੀਆ ਖਾਲੀ ਅਸਾਮੀਆਂ ਨੂੰ ਵੇਖਦੇ ਹੋਇਆ ਇਹ ਹਦਾਇਤਾਂ ਵੀ ਕੀਤੀਆ ਗਈਆਂ ਸਨ ਕਿ ਇਹ ਕੰਮ ਪੀ.ਟੀ.ਆਈ., ਡੀ.ਪੀ.ਈ., ਡਰਾਇੰਗ ਟੀਚਰ, ਸਿਲਾਈ ਟੀਚਰ ਜਾਂ ਐਸ.ਐਲ.ਏ. ਨੂੰ ਦੇ ਦਿੱਤਾ ਜਾਵੇ ।

3.0 ਪਰੰਤੂ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਠੀਕ ਢੰਗ ਲਾਲ ਨਾ ਸਮਝਣ ਦੀ ਵਜ੍ਹਾ ਕਰਕੇ ਕਈ ਸਕੂਲ ਮੁੱਖੀਆਂ ਵੱਲੋਂ ਪੰਜਾਬੀ ਅਤੇ ਹਿੰਦੀ ਅਧਿਆਪਕਾਂ ਦੀ ਡਿਊਟੀ ਸਿਰਫ ਇਸੀ ਗੱਲ ਕਰਕੇ ਲਗਾ ਦਿੱਤੀ ਜਾਂਦੀ ਹੈ ਕਿ ਮਿਡ-ਡੇ-ਮੀਲ ਦੇ ਕੰਮ ਨੂੰ ਵੇਖਣ ਦੀ ਜਿੰਮੇਵਾਰੀ ਵਿਭਾਗ ਵੱਲੋਂ ਉਹਨਾਂ ਦੀ ਹੀ ਲਗਾਈ ਗਈ ਹੈ ਜਦੋਂ ਕਿ ਵਿਭਾਗ ਵੱਲੋਂ ਇਸ ਤਰ੍ਹਾਂ ਦੀਆ ਹਦਾਇਤਾਂ ਕਦੇ ਵੀ ਨਹੀਂ ਕੀਤੀਆ ਗਈਆਂ ਸਨ । ਹਿਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੀ ਸਕੂਲ ਵਿੱਚ ਹਿੰਦੀ ਜਾਂ ਪੰਜਾਬੀ ਦੇ ਅਧਿਆਪਕ ਦੇ ਪਾਸ ਕੰਮ

ਦੀ ਪਹਿਲਾਂ ਹੀ ਬਹੁਤਾਇਤ ਹੈ ਅਤੇ ਉਸੇ ਸਕੂਲ ਵਿੱਚ ਜੇਕਰ ਕਿਸੀ ਹੋਰ ਵਿਸ਼ੇ ਦੇ ਅਧਿਆਪਕ ਕੋਲ ਇਤਨਾ ਪੜ੍ਹਾਈ ਦਾ ਬੋਝ ਨਾ ਹੋਵੇ ਤਾਂ ਸਕੂਲ ਮੁੱਖੀ ਇਸ ਗੱਲ ਦਾ ਫੈਸਲਾ ਆਪਣੇ ਪੱਧਰ ਤੇ ਲੈ ਸਕਦਾ ਹੈ । ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਆਪਣੇ ਲੋਕਲ ਸਕੂਲ ਦੇ ਹਾਲਾਤ ਨੂੰ ਵੇਖਦੇ ਹੋਇਆ ਇਸ ਵਿਸ਼ੇ ਤੇ ਸੱਭ ਤੋਂ ਵਧੀਆ ਫੈਸਲਾ ਸਕੂਲ ਮੁੱਖੀ ਹੀ ਕਰ ਸਕਦਾ ਹੈ ਕਿ ਇਹ ਕੰਮ ਕਿਸ ਨੂੰ ਦਿੱਤਾ ਜਾ ਸਕਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : ਡੀ.ਐਮ. (ਐਮ.ਆਈ.ਐਸ.) ਨੂੰ ਵੈੱਬ ਸਾਈਟ ਤੇ ਪਾਉਣ ਲਈ